5

# ਹਵਾਲਗੀ ਅਤੇ ਮੁਲਾਕਾਤ ਦਾ ਹੱਕ

PJB 005

## ਓਨਟਾਰੀਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ



**ਸਾਰੀਆਂ ਔਰਤਾਂ ਲਈ**
**ਇੱਕੋ ਪਰਿਵਾਰਕ ਕਾਨੂੰਨ।**

ਆਪਣੇ ਹੱਕ ਜਾਣੋ।

flew Family Law Education for Women
Women's Right to Know

fodf Femmes ontariennes et droit de la famille
Le droit de savoir

# ਹਵਾਲਗੀ ਅਤੇ ਮੁਲਾਕਾਤ ਦਾ ਹੱਕ

*ਇਸ ਪਰਚੇ ਦਾ ਮਕਸਦ ਤੁਹਾਨੂੰ ਕਾਨੂੰਨੀ ਮਾਮਲਿਆਂ ਬਾਰੇ ਬੁਨਿਆਦੀ ਗੱਲਾਂ ਸਮਝਾਉਣਾ ਹੈ। ਇਹ ਕਾਨੂੰਨੀ ਸਲਾਹ ਅਤੇ ਮਦਦ ਦਾ ਬਦਲ ਨਹੀਂ ਹੈ। ਜੇ ਤੁਸੀਂ ਪਰਿਵਾਰਕ ਕਾਨੂੰਨ ਵਿੱਚ ਉਲਝੇ ਹੋਏ ਹੋ ਤਾਂ ਆਪਣੇ ਹੱਕਾਂ ਦੀ ਹਿਫਾਜ਼ਤ ਲਈ ਜਿੰਨੀ ਛੇਤੀ ਹੋ ਸਕੇ, ਕਾਨੂੰਨੀ ਸਲਾਹ ਲਓ। ਪਰਿਵਾਰਕ ਕਾਨੂੰਨ ਦਾ ਕੋਈ ਵਕੀਲ ਲੱਭਣ ਅਤੇ ਉਸ ਦੀ ਫੀਸ ਦੇਣ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ www.onefamilylaw.ca 'ਤੇ ਸਾਡਾ ਪਰਚਾ "ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ" ਵੇਖੋ।*

ਕੈਨੇਡਾ ਵਿੱਚ ਕਾਨੂੰਨ ਕਹਿੰਦਾ ਹੈ ਕਿ ਆਪਣੇ ਬੱਚਿਆਂ ਦੇ ਪਾਲਣ-ਪੋਸ਼ਣ ਸਬੰਧੀ ਅਤੇ ਇਸ ਬਾਰੇ ਫੈਸਲੇ ਕਰਨ ਸਬੰਧੀ ਕਿ ਬੱਚੇ ਦਾ ਪਾਲਣ-ਪੋਸ਼ਣ ਕਿਸ ਤਰ੍ਹਾਂ ਕੀਤਾ ਜਾਵੇ, ਦੋਵੇਂ ਮਾਪਿਆਂ ਦੇ ਇਕੋ ਜਿਹੇ ਹੱਕ ਹੁੰਦੇ ਹਨ।

ਜੇ ਤੁਸੀਂ ਅਤੇ ਤੁਹਾਡੇ ਬੱਚੇ ਦਾ ਦੂਸਰਾ ਮਾਤਾ/ਪਿਤਾ ਇੱਕ ਦੂਸਰੇ ਤੋਂ ਵੱਖ ਹੋ ਜਾਂਦੇ ਹੋ ਜਾਂ ਇਕੱਠੇ ਨਹੀਂ ਰਹਿੰਦੇ, ਤਾਂ ਤੁਹਾਨੂੰ ਆਪਣੇ ਬੱਚੇ ਦੀ ਰੋਜ਼ਾਨਾ ਜ਼ਿੰਦਗੀ ਬਾਰੇ ਅਤੇ ਇਸ ਬਾਰੇ ਕਿ ਉਹ ਕਿੱਥੇ ਰਹੇਗਾ, ਜ਼ਰੂਰ ਵਿਉਂਤ ਬਣਾਉਣੀ ਚਾਹੀਦੀ ਹੈ, ਤੁਸੀਂ ਇਹ ਪ੍ਰਬੰਧ ਵਕੀਲਾਂ ਦੀ ਮਦਦ ਨਾਲ, ਜਾਂ ਇਸ ਤੋਂ ਬਗੈਰ ਵੀ, ਕਰ ਸਕਦੇ ਹੋ।

ਜੇ ਤੁਸੀਂ ਸਹਿਮਤ ਨਹੀਂ ਹੋ ਸਕਦੇ ਤਾਂ ਤੁਹਾਡੇ ਵਿਚੋਂ ਕੋਈ ਵੀ **ਹਵਾਲਗੀ (custody) ਜਾਂ ਮੁਲਾਕਾਤ ਦੇ ਹੱਕ (access)** ਦਾ ਹੁਕਮ ਲੈਣ ਲਈ ਅਦਾਲਤ ਨੂੰ ਅਰਜ਼ੀ ਦੇ ਸਕਦਾ ਹੈ। ਤੁਹਾਨੂੰ ਜ਼ਰੂਰੀ ਤੌਰ 'ਤੇ ਉਸ ਸ਼ਹਿਰ ਜਾਂ ਕਸਬੇ ਵਿੱਚ ਹੀ ਹਵਾਲਗੀ ਜਾਂ ਮੁਲਾਕਾਤ ਦੇ ਹੱਕ ਲਈ ਆਵੇਦਨ ਕਰਨਾ ਚਾਹੀਦਾ ਹੈ, ਜਿੱਥੇ ਤੁਹਾਡਾ ਬੱਚਾ ਆਮ ਤੌਰ 'ਤੇ ਰਹਿੰਦਾ ਹੈ। ਜੇ ਦੋਵਾਂ ਵਿੱਚੋਂ ਕਿਸੇ ਇੱਕ ਮਾਤਾ/ਪਿਤਾ ਦੀ ਸਥਿੱਤੀ ਬਹੁਤ ਜ਼ਿਆਦਾ ਬਦਲ ਜਾਂਦੀ ਹੈ ਤਾਂ ਹਵਾਲਗੀ ਜਾਂ ਮੁਲਾਕਾਤ ਦੇ ਹੱਕ ਬਾਰੇ ਆਦੇਸ਼ਾਂ ਨੂੰ ਬਦਲਿਆ ਜਾ ਸਕਦਾ ਹੈ।

# ਹਵਾਲਗੀ ਕੀ ਹੁੰਦੀ ਹੈ?

ਹਵਾਲਗੀ ਤੋਂ ਭਾਵ ਉਹ ਸਥਾਨ ਨਹੀਂ ਜਿੱਥੇ ਬੱਚਾ ਰਹਿੰਦਾ ਹੈ। ਉਸ ਨੂੰ ਰਿਹਾਇਸ਼ ਕਿਹਾ ਜਾਂਦਾ ਹੈ। **ਹਵਾਲਗੀ** ਤੋਂ ਭਾਵ ਹੁੰਦਾ ਹੈ ਬੱਚੇ ਦੀ ਜ਼ਿੰਦਗੀ ਬਾਰੇ ਫੈਸਲੇ ਕਰਨ ਲਈ ਕਿਸ ਮਾਤਾ/ਪਿਤਾ ਨੂੰ ਜ਼ੁੰਮੇਵਾਰ ਮੰਨਿਆ ਜਾਂਦਾ ਹੈ।

ਹਵਾਲਗੀ ਦੋ ਕਿਸਮਾਂ ਦੀ ਹੁੰਦੀ ਹੈ:

1. ਜੇ ਤੁਹਾਡੇ ਇਕੱਲਿਆਂ ਕੋਲ **ਮੁਕੰਮਲ ਹਵਾਲਗੀ (sole custody)** ਜਾਂ **ਹਵਾਲਗੀ** ਹੋਵੇ ਤਾਂ ਤੁਹਾਨੂੰ ਆਪਣੇ ਬੱਚੇ ਦੀ ਜ਼ਿੰਦਗੀ ਬਾਰੇ ਹਰ ਗੱਲ ਦਾ ਫੈਸਲਾ ਕਰਨ ਦਾ ਹੱਕ ਹੁੰਦਾ ਹੈ। ਤੁਸੀਂ ਅਜਿਹੀਆਂ ਚੀਜ਼ਾਂ ਬਾਰੇ ਆਪਣੇ ਆਪ ਹੀ ਫੈਸਲੇ ਲੈ ਸਕਦੇ ਹੋ ਜਿਵੇਂ ਕਿ ਤੁਹਾਡੇ ਬੱਚੇ ਦੀ ਸਿਹਤ, ਸਿੱਖਿਆ ਅਤੇ ਧਾਰਮਿਕ ਸਿੱਖਿਆ ਬਾਰੇ। ਜੇ ਤੁਹਾਡੇ ਕੋਲ ਮੁਕੰਮਲ ਹਵਾਲਗੀ ਜਾਂ ਹਵਾਲਗੀ ਹੋਵੇ, ਤਾਂ ਤੁਹਾਨੂੰ **ਹਿਰਾਸਤਦਾਰ ਮਾਤਾ/ਪਿਤਾ (custodial parent)** ਕਿਹਾ ਜਾਂਦਾ ਹੈ। ਦੂਸਰੇ ਮਾਤਾ/ਪਿਤਾ ਨੂੰ ਗੈਰ-ਹਿਰਾਸਤਦਾਰ ਮਾਤਾ/ਪਿਤਾ ਕਿਹਾ ਜਾਂਦਾ ਹੈ।

   ਜੇ ਤੁਹਾਡੇ ਕੋਲ ਮੁਕੰਮਲ ਹਵਾਲਗੀ ਹੋਵੇ, ਤਾਂ ਦੂਸਰੇ ਮਾਤਾ/ਪਿਤਾ ਨੂੰ ਆਮ ਤੌਰ 'ਤੇ ਤੁਹਾਡੇ ਵਲੋਂ ਲਏ ਜਾਣ ਵਾਲੇ ਫੈਸਲਿਆਂ ਬਾਰੇ ਜਾਣਨ ਦਾ ਹੱਕ ਹੁੰਦਾ ਹੈ, ਪਰੰਤੂ ਆਪਣੇ ਫੈਸਲੇ ਲੈਣ ਤੋਂ ਪਹਿਲਾਂ ਤੁਹਾਨੂੰ ਉਸ ਨਾਲ ਗੱਲ ਕਰਨ ਦੀ ਲੋੜ ਨਹੀਂ ਹੁੰਦੀ।

2. ਜੇ ਤੁਹਾਡੇ ਕੋਲ **ਸੰਯੁਕਤ ਹਵਾਲਗੀ (joint custody)** ਹੋਵੇ ਤਾਂ ਤੁਹਾਨੂੰ ਅਤੇ ਬੱਚੇ ਦੇ ਦੂਸਰੇ ਮਾਤਾ/ਪਿਤਾ, ਦੋਵਾਂ ਨੂੰ ਬੱਚੇ ਦੀ ਜ਼ਿੰਦਗੀ ਬਾਰੇ ਲਏ ਜਾਣ ਵਾਲੇ ਸਾਰੇ ਪ੍ਰਮੁੱਖ ਫੈਸਲਿਆਂ ਵਿੱਚ ਹਿੱਸਾ ਲੈਣ ਦਾ ਹੱਕ ਹੁੰਦਾ ਹੈ।

ਕਈ ਵਾਰੀ ਮਾਤਾ-ਪਿਤਾ ਕਹਿੰਦੇ ਹਨ ਕਿ ਉਨ੍ਹਾਂ ਕੋਲ **ਸਾਂਝੀ ਹਵਾਲਗੀ (shared custody)** ਹੈ। ਇਸ ਦਾ ਭਾਵ ਜ਼ਰੂਰੀ ਨਹੀਂ ਕਿ ਤੁਸੀਂ ਬੱਚੇ ਬਾਰੇ ਫੈਸਲੇ ਸਾਂਝੇ ਤੌਰ 'ਤੇ ਕਰਦੇ ਹੋ। ਇਸ ਦਾ ਭਾਵ ਹੁੰਦਾ ਹੈ ਕਿ ਬੱਚਾ ਤੁਹਾਡੇ ਵਿੱਚੋਂ ਹਰੇਕ ਨਾਲ ਬਰਾਬਰ ਦਾ ਸਮਾਂ ਬਿਤਾਉਂਦਾ ਹੈ। ਇਸ ਨੂੰ **ਸਾਂਝਾ ਪਾਲਣ-ਪੋਸ਼ਣ (shared parenting)** ਵੀ ਕਿਹਾ ਜਾਂਦਾ ਹੈ।

## ਬੱਚੇ ਰਹਿੰਦੇ ਕਿੱਥੇ ਹਨ

ਜ਼ਿਆਦਾ ਸਮਾਂ ਬੱਚੇ ਇੱਕ ਮਾਤਾ/ਪਿਤਾ ਨਾਲੋਂ ਦੂਸਰੇ ਮਾਤਾ/ਪਿਤਾ ਕੋਲ ਵਧੇਰੇ ਸਮਾਂ ਬਿਤਾਉਂਦੇ ਹਨ। ਜਦੋਂ ਅਜਿਹਾ ਹੁੰਦਾ ਹੈ ਤਾਂ ਉਹ ਮਕਾਨ ਜਿੱਥੇ ਬੱਚਾ ਵਧੇਰੇ ਸਮਾਂ ਬਿਤਾਉਂਦਾ ਹੈ ਬੱਚੇ ਦੀ **ਮੁਢਲੀ ਰਿਹਾਇਸ਼ (primary residence)** ਅਖਵਾਉਂਦਾ ਹੈ। ਉਹ ਮਾਤਾ/ਪਿਤਾ ਅਖਵਾਉਂਦਾ ਹੈ। ਉਹ ਮਾਤਾ/ਪਿਤਾ ਜੋ ਬੱਚੇ ਦੀ ਜ਼ਿਆਦਾਤਰ ਸੰਭਾਲ ਕਰਦਾ ਹੈ, **ਦੇਖਭਾਲ ਕਰਨ ਵਾਲਾ ਮੁਢਲਾ ਵਿਅਕਤੀ (primary caregiver)** ਅਖਵਾਉਂਦਾ ਹੈ। ਅਦਾਲਤਾਂ ਆਮ ਤੌਰ 'ਤੇ ਇਹ ਫੈਸਲਾ ਦਿੰਦੀਆਂ ਹਨ ਕਿ ਬੱਚਿਆਂ ਨੂੰ ਉਸ ਮਾਤਾ/ਪਿਤਾ ਕੋਲ ਰਹਿਣਾ ਚਾਹੀਦਾ ਹੈ ਜੋ ਕਿ ਵੱਖ ਹੋਣ ਤੋਂ ਪਹਿਲਾਂ ਅਤੇ ਬਾਅਦ ਦੇ ਸਮੇਂ ਦੌਰਾਨ ਦੇਖਭਾਲ ਕਰਨ ਵਾਲਾ ਮੁਢਲਾ ਵਿਅਕਤੀ ਸੀ।

## ਮੁਲਾਕਾਤ ਦਾ ਹੱਕ ਕੀ ਹੁੰਦਾ ਹੈ?

ਬਹੁਤੀ ਵਾਰੀ ਅਦਾਲਤਾਂ ਇਹ ਯਕੀਨ ਕਰਦੀਆਂ ਹਨ ਕਿ ਜਿੱਥੇ ਤਕ ਹੋ ਸਕੇ, ਦੋਵੇਂ ਮਾਪਿਆਂ ਦੇ ਸੰਪਰਕ ਵਿੱਚ ਵੱਧ ਤੋਂ ਵੱਧ ਰਹਿਣਾ ਹੀ ਕਿਸੇ ਬੱਚੇ ਲਈ ਵਧੇਰੇ ਚੰਗਾ ਰਹਿੰਦਾ ਹੈ। ਜੇ ਬੱਚਾ ਕਿਸੇ ਇੱਕ ਮਾਤਾ/ਪਿਤਾ ਨਾਲ ਨਾ ਰਹਿੰਦਾ ਹੋਵੇ, ਤਾਂ ਵੀ ਉਸ ਮਾਤਾ/ਪਿਤਾ ਨੂੰ ਆਮ ਤੌਰ 'ਤੇ ਬੱਚੇ ਨਾਲ ਸਮਾਂ ਬਿਤਾਉਣ ਦਾ ਹੱਕ ਹੋਵੇਗਾ। ਉਸ ਨੂੰ ਆਮ ਤੌਰ 'ਤੇ ਬੱਚੇ ਦੀ ਸਿਹਤ, ਰਾਜ਼ੀ-ਖੁਸ਼ੀ ਅਤੇ ਸਿੱਖਿਆ ਬਾਰੇ ਜਾਣਨ ਦਾ ਵੀ ਹੱਕ ਹੁੰਦਾ ਹੈ। ਇਸਨੂੰ **ਮੁਲਾਕਾਤ ਦਾ ਹੱਕ (access)** ਆਖਦੇ ਹਨ। ਇਥੋਂ ਤਕ ਕਿ ਜਿਨ੍ਹਾਂ ਮਾਪਿਆਂ ਨੇ ਆਪਣੇ ਬੱਚਿਆਂ ਨਾਲ ਜ਼ਿਆਦਾ ਸਮਾਂ ਨਹੀਂ ਵੀ ਬਿਤਾਇਆ ਹੁੰਦਾ, ਆਮ ਤੌਰ 'ਤੇ ਉਹ ਵੀ ਮੁਲਾਕਾਤ ਦਾ ਹੱਕ ਲੈ ਲੈਂਦੇ ਹਨ।

ਜੇ ਤੁਸੀਂ ਬੱਚੇ ਦੇ ਦੂਸਰੇ ਮਾਤਾ/ਪਿਤਾ ਨਾਲ ਅਸਾਨੀ ਨਾਲ ਅਤੇ ਇਮਾਨਦਾਰੀ ਨਾਲ ਗੱਲ ਕਰ ਸਕਦੇ ਹੋ, ਤਾਂ ਤੁਸੀਂ ਮੁਲਾਕਾਤ ਦੇ ਹੱਕ ਬਾਰੇ ਇੱਕ ਗੈਰਰਸਮੀ ਪ੍ਰਬੰਧ ਕਰ ਸਕਦੇ ਹੋ। ਜੇ ਦੂਸਰੇ ਮਾਤਾ/ਪਿਤਾ ਨਾਲ ਤੁਹਾਡੀ ਬਣਦੀ ਨਹੀਂ, ਜਾਂ ਜੇ ਸਬੰਧ ਦੁਰਵਿਹਾਰ ਭਰਿਆ ਸੀ, ਤਾਂ ਮੁਲਾਕਾਤ ਦੇ ਹੱਕ ਦੀਆਂ ਵਿਵਸਥਾਵਾਂ ਕਰਨ ਲਈ ਅਦਾਲਤ ਕੋਲ ਜਾਣਾ ਬਿਹਤਰ ਹੋਵੇਗਾ।

## ਅਦਾਲਤ ਵਿੱਚ ਜਾਣਾ 'ਤੇ ਕੀ ਆਸ ਕੀਤੀ ਜਾਵੇ

ਮੁਲਾਕਾਤ ਦੇ ਹੱਕ ਦੇ ਹੁਕਮ ਕਈ ਕਿਸਮਾਂ ਦੇ ਹੁੰਦੇ ਹਨ। ਕੁਝ ਬੇਹੱਦ ਖੁੱਲ੍ਹੇ ਹੁੰਦੇ ਹਨ ਜਦੋਂ ਕਿ ਹੋਰਨਾਂ ਵਿੱਚ ਖਾਸ ਮੁੱਦਿਆਂ ਬਾਰੇ ਬਿਆਨ ਦਰਜ ਹੁੰਦੇ ਹਨ। ਅਦਾਲਤੀ ਹੁਕਮ ਤੁਹਾਨੂੰ ਅਤੇ ਤੁਹਾਡੇ ਬੱਚੇ ਦੇ ਦੂਜੇ ਮਾਤਾ/ਪਿਤਾ ਨੂੰ ਮੁਲਾਕਾਤ ਦੇ ਹੱਕ ਸਬੰਧੀ ਆਪਣੇ ਸਾਰਿਆਂ ਲਈ ਢੁਕਵੇਂ ਪ੍ਰਬੰਧ ਖੁਦ ਕਰਨ ਦੇ ਸਕਦਾ ਹੈ। ਇਸ ਨੂੰ **"ਮੰਗੇ 'ਤੇ ਮਿਲਣ ਵਾਲਾ ਵਾਜਬ ਅਤੇ ਖੁੱਲ੍ਹਦਿਲੀ ਵਾਲਾ ਮੁਲਾਕਾਤ ਦਾ ਹੱਕ" (reasonable and generous access)** ਕਿਹਾ ਜਾਂਦਾ ਹੈ। ਜੇ ਤੁਸੀਂ ਬੱਚੇ ਦੇ ਦੂਸਰੇ ਮਾਤਾ/ਪਿਤਾ ਨਾਲ ਮਿਲ ਕੇ ਫੈਸਲੇ ਨਹੀਂ ਲੈ ਸਕਦੇ ਤਾਂ ਇੱਕ ਅਜਿਹਾ ਹੁਕਮ ਹਾਸਲ ਕਰਨਾ ਚੰਗਾ ਹੁੰਦਾ ਹੈ ਜਿਸ ਵਿੱਚ ਮੁਲਾਕਾਤ ਵਾਲੀਆਂ ਤਾਰੀਖਾਂ ਅਤੇ ਸਮੇਂ ਦਰਜ ਹੋਣ। ਇਸ ਤਰ੍ਹਾਂ ਤੁਹਾਨੂੰ ਦੂਸਰੇ ਮਾਤਾ/ਪਿਤਾ ਨਾਲ ਹਮੇਸ਼ਾਂ ਮੁਲਾਕਾਤ ਦੇ ਵੇਰਵੇ ਤੈਅ ਕਰਨ ਬਾਰੇ ਗੱਲ ਨਹੀਂ ਕਰਨੀ ਪਵੇਗੀ।

ਕਈ ਵਾਰੀ ਅਦਾਲਤ ਇੱਕ **ਪੜਾਅਵਾਰ ਕਾਰਜਕ੍ਰਮ** ਤੈਅ ਕਰ ਸਕਦੀ ਹੈ। ਇਸਦਾ ਭਾਵ ਹੈ ਕਿ ਮਾਪਿਆਂ ਕੋਲ ਸ਼ੁਰੂ ਵਿੱਚ ਨਾਮਮਾਤਰ ਮੁਲਾਕਾਤ ਦਾ ਹੱਕ ਹੁੰਦਾ ਹੈ, ਪਰ ਸਮਾਂ ਬੀਤਣ ਨਾਲ ਵਧੇਰੇ ਮੁਲਾਕਾਤ ਕਰ ਸਕਦੇ ਹਨ। ਸਮੇਂ ਦੀ ਮਿਆਦ ਵਧਾਉਂਦੇ ਜਾਣ ਵਾਲੇ ਕਾਰਜਕ੍ਰਮ ਨਾਲ ਬੱਚੇ ਨੂੰ ਮੁਲਾਕਾਤ ਦਾ ਹੱਕ ਰੱਖਣ ਵਾਲੇ ਮਾਤਾ/ਪਿਤਾ ਨਾਲ ਵਾਕਫ ਹੋਣ ਅਤੇ ਉਸ 'ਤੇ ਭਰੋਸਾ ਕਰਨ ਦਾ ਮੌਕਾ ਮਿਲਦਾ ਹੈ। ਅਦਾਲਤਾਂ ਪ੍ਰਗਤੀਵਾਦੀ ਸਮਾਂ-ਸਾਰਣੀ ਦਾ ਇਸਤੇਮਾਲ ਕਰ ਸਕਦੀਆਂ ਹਨ ਜੇ ਤੁਹਾਡੇ ਬੱਚੇ ਨੇ ਮੁਲਾਕਾਤ ਦੇ ਹੱਕ ਵਾਲੇ ਮਾਤਾ/ਪਿਤਾ ਨਾਲ ਜ਼ਿਆਦਾ ਸਮਾਂ ਨਾ ਬਿਤਾਇਆ ਹੋਵੇ ਜਾਂ ਜੇ ਤੁਸੀਂ ਉਸ ਸਮੇਂ ਵੱਖ ਜੋ ਜਾਂਦੇ ਹੋ ਜਦੋਂ ਤੁਹਾਡਾ ਬੱਚਾ ਬਹੁਤ ਛੋਟਾ ਸੀ।

ਅਦਾਲਤ ਨਿਗਰਾਨੀ ਹੇਠ ਮੁਲਾਕਾਤ ਦੇ ਹੱਕ ਦਾ ਫਰਮਾਨ ਦੇ ਸਕਦੀ ਹੈ ਜੇ ਇਹ ਮੁਲਾਕਾਤ ਕਰਨ ਵਾਲੇ ਮਾਤਾ/ਪਿਤਾ ਕੋਲ ਰਹਿਣ 'ਤੇ ਬੱਚੇ ਦੀ ਸੁਰੱਖਿਆ ਬਾਰੇ ਫਿਕਰਮੰਦ ਹੋਵੇ ਜਾਂ ਮੁਲਾਕਾਤ ਕਰਨ ਵਾਲ਼ੇ ਮਾਪੇ ਅਤੇ ਬੱਚੇ ਨੇ ਕਾਫੀ ਸਮਾਂ ਇਕੱਠਿਆਂ ਨਾ ਬਿਤਾਇਆ ਹੋਵੇ। ਇਸ ਤੋਂ ਭਾਵ ਹੁੰਦਾ ਹੈ ਕਿ ਮਾਤਾ/ਪਿਤਾ ਨਾਲ ਇਕੱਲਾ ਨਹੀਂ ਰਹਿ ਸਕਦਾ। ਮੁਲਾਕਾਤਾਂ ਦੀ ਨਿਗਰਾਨੀ ਕਰਨ ਵਾਲਾ ਪਰਿਵਾਰ ਦਾ ਕੋਈ ਮੈਂਬਰ ਜਾਂ ਅਦਾਲਤ ਵੱਲੋਂ ਥਾਪਿਆ ਕੋਈ ਹੋਰ ਵਿਅਕਤੀ ਹੋ ਸਕਦਾ ਹੈ। ਨਿਗਰਾਨੀ ਹੇਠ ਕੀਤੀਆਂ ਜਾਣ ਵਾਲੀਆਂ ਮੁਲਾਕਾਤਾਂ ਅਜਿਹੇ ਸਥਾਨਾਂ 'ਤੇ ਵੀ ਹੋ ਸਕਦੀਆਂ ਹਨ ਜਿਨ੍ਹਾਂ ਨੂੰ **ਨਿਗਰਾਨੀ ਹੇਠਲੇ ਮੁਲਾਕਾਤ ਦੇ ਕੇਂਦਰ (supervised access centres)** ਕਿਹਾ ਜਾਂਦਾ ਹੈ ਜਿੱਥੇ ਸਟਾਫ ਮੁਲਾਕਾਤਾਂ ਦੀ ਨਿਗਰਾਨੀ ਕਰਦਾ ਹੈ।

ਅਦਾਲਤ ਅਜਿਹੀ ਹਲਾਤ ਵਿੱਚ ਵੀ ਮੁਲਾਕਾਤਾਂ ਅਤੇ ਨਿਗਰਾਨੀ ਹੇਠ ਤਬਾਦਲੇ ਦਾ ਹੁਕਮ ਦੇ ਸਕਦੀ ਹੈ ਜੇ ਇਸ ਨੂੰ ਡਰ ਹੋਵੇ ਕਿ ਤੁਹਾਡੇ ਅਤੇ ਦੂਜੇ ਮਾਪੇ ਵਲੋਂ ਬੱਚੇ ਨੂੰ ਸੌਂਪਣ ਵੇਲ਼ੇ ਝਗੜੇ ਜਾਂ ਹਿਫਾਜ਼ਤ ਦਾ ਤੌਖ਼ਲਾ ਖੜ੍ਹਾ ਹੋ ਸਕਦਾ ਹੈ। ਨਿਗਰਾਨੀ ਹੇਠ ਤਬਾਦਲੇ ਕਿਸੇ ਅਜਿਹੇ ਮੁਲਾਕਾਤ ਘਰ ਵਿਖੇ ਹੁੰਦੇ ਹਨ ਜਿੱਥੇ ਨਿਗਰਾਨੀ ਰੱਖੀ ਜਾ ਸਕੇ, ਤੁਹਾਡੇ ਅਤੇ ਤੁਹਾਡੇ ਸਾਥੀ ਦਰਮਿਆਨ ਬੱਚੇ ਦੇ ਤਬਾਦਲੇ ਲਈ ਕਰਮਚਾਰੀ ਮੌਜੂਦ ਹੋਣ ਤਾਂ ਕਿ ਤੁਹਾਨੂੰ ਇੱਕ ਦੂਜੇ ਦੇ ਆਮ੍ਹੋ-ਸਾਮ੍ਹਣੇ ਹੋਣਾ ਹੀ ਨਾ ਪਵੇ।

ਬਹੁਤ ਹੀ ਵਿਰਲੇ ਮਾਮਲਿਆਂ ਵਿੱਚ, ਕਿਸੇ ਮਾਤਾ/ਪਿਤਾ ਨੂੰ ਉਸ ਦੇ ਬੱਚੇ ਨਾਲ ਮੁਲਾਕਾਤ ਦੇ ਹੱਕ **ਤੋਂ ਇਨਕਾਰ** ਕੀਤਾ ਜਾਵੇਗਾ। ਇਹ ਸਿਰਫ ਤਾਂ ਹੀ ਹੋਵੇਗਾ ਜੇ ਅਦਾਲਤ ਨੂੰ ਵਿਸ਼ਵਾਸ ਹੋਵੇ ਕਿ ਉਹ ਮਾਤਾ/ਪਿਤਾ ਤੋਂ ਬੱਚੇ ਨੂੰ ਸੱਟ-ਫੇਟ ਪਹੁੰਚ ਸਕਦੀ ਹੈ।

## ਹਵਾਲਗੀ ਅਤੇ ਮੁਲਾਕਾਤ ਦੇ ਹੱਕ ਦੇ ਆਦੇਸ਼ਾਂ ਦੀ ਪਾਲਣਾ

ਜੇ ਤੁਹਾਡੇ ਕੋਲ ਹਵਾਲਗੀ ਅਤੇ ਮੁਲਾਕਾਤ ਦੇ ਹੱਕ ਬਾਰੇ ਕੋਈ ਸਮਝੌਤਾ ਜਾਂ ਹੁਕਮ ਹੈ ਤਾਂ ਤੁਹਾਨੂੰ ਇਸ ਦੀ ਪਾਲਣਾ ਜ਼ਰੂਰ ਕਰਨੀ ਪਵੇਗੀ। ਤੁਸੀਂ ਜਾਂ ਬੱਚਿਆਂ ਦਾ ਦੂਸਰਾ ਮਾਤਾ/ਪਿਤਾ ਹਵਾਲਗੀ ਹੁਕਮ ਲਾਗੂ ਕਰਨ ਵਿੱਚ ਮਦਦ ਲਈ ਪੁਲਿਸ ਨੂੰ ਕਹਿ ਸਕਦੇ ਹੋ। ਜੇ ਹੁਕਮ ਮੁਤਾਬਕ ਤੁਸੀਂ ਆਪਣੇ ਬੱਚਿਆਂ ਦੇ ਦੂਸਰੇ ਮਾਤਾ/ਪਿਤਾ ਨੂੰ ਮੁਲਾਕਾਤ ਨਹੀਂ ਕਰਨ ਦਿੰਦੇ ਤਾਂ ਉਹ ਬੱਚੇ ਦੀ ਹਵਾਲਗੀ ਉਸ ਨੂੰ ਦੇ ਦਿੱਤੇ ਜਾਣ ਲਈ ਅਦਾਲਤ ਨੂੰ ਬੇਨਤੀ ਕਰ ਸਕਦਾ ਹੈ। ਕਾਨੂੰਨ ਤੁਹਾਨੂੰ ਮੁਲਾਕਾਤ ਦੇ ਹੱਕ ਤੋਂ ਇਨਕਾਰ ਕਰਨ ਦੀ ਇਜਾਜ਼ਤ ਤਾਂ ਹੀ ਦਿੰਦਾ ਹੈ ਜੇ ਤੁਸੀਂ ਬੱਚਿਆਂ ਦੀ ਸੁਰੱਖਿਆ ਬਾਰੇ ਭੈਭੀਤ ਹੋਵੋਂ। ਜੇ ਤੁਸੀਂ ਮੁਲਾਕਾਤ ਦੇ ਹੱਕ ਤੋਂ ਨਾਂਹ ਕਰਦੇ ਹੋ ਤਾਂ ਤੁਰੰਤ ਕਾਨੂੰਨੀ ਮਦਦ ਲਓ।

ਕਈ ਵਾਰੀ ਕੋਈ ਮਾਤਾ/ਪਿਤਾ ਮੁਲਾਕਾਤ ਦੇ ਹੱਕ ਲਈ ਲੜੇਗਾ ਅਤੇ ਉਸ ਤੋਂ ਬਾਅਦ ਹੁਕਮ ਵਿੱਚ ਦਿੱਤੇ ਮੁਲਾਕਾਤ ਦੇ ਸਮੇਂ ਦੌਰਾਨ ਬੱਚਿਆਂ ਨੂੰ ਮਿਲਣ ਨਹੀਂ ਆਉਂਦਾ। ਇਹ ਬੱਚਿਆਂ ਲਈ ਪ੍ਰੇਸ਼ਾਨੀ ਭਰਿਆ ਹੋ ਸਕਦਾ ਹੈ ਪਰੰਤੂ ਬਦਕਿਸਮਤੀ ਨਾਲ ਅਜਿਹਾ ਕੋਈ ਕਾਨੂੰਨ ਨਹੀਂ ਹੈ ਜੋ ਮੁਲਾਕਾਤ ਦੇ ਹੱਕ ਵਾਲੇ ਮਾਪਿਆਂ ਨੂੰ ਦੱਸੇ ਕਿ ਕਿਸ ਸਮੇਂ ਉਨ੍ਹਾਂ ਨੇ ਕੀ ਕਰਨਾ ਹੈ। ਜੇ ਅਜਿਹਾ ਬਾਕਾਇਦਗੀ ਨਾਲ ਹੁੰਦਾ ਹੈ ਤਾਂ ਸਾਰੀਆਂ ਛੁੱਟ ਗਈਆਂ ਜਾਂ ਸੰਖੇਪ ਹੋ ਗਈਆਂ ਮੁਲਾਕਾਤਾਂ ਦਾ ਹਿਸਾਬ ਰੱਖੋ। ਤੁਸੀਂ ਇਸ ਜਾਣਕਾਰੀ ਦਾ ਇਸਤੇਮਾਲ ਵਾਪਸ ਅਦਾਲਤ ਵਿੱਚ ਜਾਣ ਅਤੇ ਮੁਲਾਕਾਤ ਦੇ ਹੱਕ ਨੂੰ ਬਦਲਣ ਦੀ ਬੇਨਤੀ ਕਰਨ ਲਈ ਕਰ ਸਕਦੇ ਹੋ।

## ਅਦਾਲਤਾਂ ਹਵਾਲਗੀ ਅਤੇ ਮੁਲਾਕਾਤ ਦੇ ਹੱਕ ਬਾਰੇ ਫੈਸਲਾ ਕਿਵੇਂ ਲੈਂਦੀਆਂ ਹਨ?

ਹਵਾਲਗੀ ਅਤੇ ਮੁਲਾਕਾਤ ਦੇ ਹੱਕ ਬਾਰੇ ਫੈਸਲੇ ਕਰਨ ਵੇਲ਼ੇ ਅਦਾਲਤਾਂ ਨੂੰ **ਬੱਚੇ ਦੇ ਹਿਤ ਵਿੱਚ ਸਭ ਤੋਂ ਚੰਗੀਆਂ ਗੱਲਾਂ** ‘ਤੇ ਗੌਰ ਕਰਨਾ ਪੈਂਦਾ ਹੈ। ਇਹ ਇੱਕ ਸਖਤ ਕਾਨੂੰਨੀ ਪਰਿਭਾਸ਼ਾ ਹੈ। ਅਦਾਲਤ ਹੇਠ ਲਿਖੀਆਂ ਗੱਲਾਂ ‘ਤੇ ਧਿਆਨ ਦਿੰਦੀ ਹੈ:

- ਕੀ ਘਰ ਵਿੱਚ ਕੋਈ ਦੁਰਵਿਹਾਰ ਹੋਇਆ ਹੈ?
- ਹਰ ਮਾਤਾ/ਪਿਤਾ ਅਤੇ ਬੱਚੇ ਵਿਚਕਾਰ ਸਬੰਧ ਕਿੰਨਾ ਕੁ ਪਿਆਰ ਭਰਿਆ ਹੈ?
- ਬੱਚੇ ਅਤੇ ਉਸ ਮਾਤਾ/ਪਿਤਾ ਵਿਚਕਾਰ ਭਾਵਨਾਤਮਕ ਰਿਸ਼ਤੇ ਕਿੰਨੇ ਮਜ਼ਬੂਤ ਹਨ ਜੋ ਹਵਾਲਗੀ ਲੈਣੀ ਚਾਹੁੰਦਾ ਹੈ?
- ਬੱਚਾ ਕਿੰਨੀ ਦੇਰ ਤਕ ਇੱਕ ਟਿਕਾਊ ਮਾਹੌਲ ਵਿੱਚ ਰਿਹਾ ਹੈ?
- ਹਰੇਕ ਮਾਤਾ/ਪਿਤਾ ਕੋਲ ਬੱਚੇ ਦੇ ਲਾਲਣ-ਪਾਲਣ ਅਤੇ ਉਸਦੀ ਪਰਵਰਿਸ਼ ਲਈ ਕਿਸ ਤਰ੍ਹਾਂ ਦੀਆਂ ਯੋਜਨਾਵਾਂ ਹਨ?
- ਹਰੇਕ ਵਿਅਕਤੀ ਕਿੰਨੀ ਚੰਗੀ ਤਰ੍ਹਾਂ ਨਾਲ ਬੱਚੇ ਦੀ ਪਰਵਰਿਸ਼ ਕਰ ਸਕਦਾ ਹੈ?
- ਬੱਚਾ ਕੀ ਚਾਹੁੰਦਾ ਹੈ?

ਪਰਿਵਾਰਕ ਕਾਨੂੰਨ ਵਾਲੀਆਂ ਅਦਾਲਤਾਂ ਪਹਿਲਾਂ ਤੋਂ ਹੀ ਮੌਜੂਦ ਇੰਤਜ਼ਾਮਾਂ ‘ਤੇ ਵੀ ਧਿਆਨ ਦਿੰਦੀਆਂ ਹਨ। ਇਸ ਨੂੰ **ਬਦਸਤੂਰ (status quo)** ਕਿਹਾ ਜਾਂਦਾ ਹੈ। ਜੇ ਬੱਚੇ ਦੇ ਰਹਿਣ ਸਹਿਣ ਦੀ ਵਿਵਸਥਾ ਸਹੀ ਢੰਗ ਨਾਲ ਚੱਲ ਰਹੀ ਹੈ ਤਾਂ ਅਦਾਲਤ ਆਮ ਤੌਰ ‘ਤੇ ਵੱਡੀਆਂ ਤਬਦੀਲੀਆਂ ਨਹੀਂ ਕਰੇਗੀ।

ਹਵਾਲਗੀ ਅਤੇ ਮੁਲਾਕਾਤ ਦੇ ਹੱਕ ਲਈ ਅਰਜ਼ੀ ਦੇ ਸਕਣ ਵਾਲੇ ਇਕੱਲੇ ਮਾਤਾ/ਪਿਤਾ ਹੀ ਨਹੀਂ ਹੁੰਦੇ। ਕਾਨੂੰਨ ਕਹਿੰਦਾ ਹੈ ਕਿ ਕੋਈ ਵੀ ਵਿਅਕਤੀ ਅਰਜ਼ੀ ਦੇ ਸਕਦਾ ਹੈ। ਅਕਸਰ ਪਰਿਵਾਰ ਦੇ ਵਡੇਰੇ ਮੈਂਬਰ, ਜਿਵੇਂ ਦਾਦਾ-ਦਾਦੀ, ਨਾਨਾ-ਨਾਨੀ, ਸੌਤੇਲੇ ਮਾਤਾ/ਪਿਤਾ ਜਾਂ ਆਂਟੀਆਂ ਅਦਾਲਤ ਕੋਲ ਅਰਜ਼ੀ ਕਰਦੇ ਹਨ। ਅਰਜ਼ੀ ਭਾਵੇਂ ਕੋਈ ਵੀ ਕਰੇ, ਅਦਾਲਤ ਬੱਚੇ ਦੇ ਹਿਤਾਂ ’ਤੇ ਧਿਆਨ ਦੇਵੇਗੀ।

## ਬੱਚਿਆਂ ਨਾਲ ਰਿਹਾਇਸ਼ ਬਦਲਣਾ

ਜਦੋਂ ਮਾਤਾ/ਪਿਤਾ ਇਕੱਠੇ ਨਹੀਂ ਰਹਿੰਦੇ ਤਾਂ ਇੱਕ ਦਿੱਕਤ ਭਰਿਆ ਮਸਲਾ ਜੋ ਅਕਸਰ ਪੈਦਾ ਹੁੰਦਾ ਹੈ, ਇਹ ਹੁੰਦਾ ਹੈ ਕਿ ਕੀ ਬੱਚਿਆਂ ਵਾਲਾ ਮਾਤਾ/ਪਿਤਾ, ਬੱਚਿਆਂ ਨੂੰ ਸ਼ਹਿਰ ਤੋਂ ਪਰੇ, ਜਾਂ ਕੁਝ ਮਾਮਲਿਆਂ ਵਿੱਚ, ਪ੍ਰਾਂਤ ਜਾਂ ਦੇਸ਼ ਤੋਂ ਬਾਹਰ ਵੀ ਲਿਜਾ ਸਕਦਾ ਹੈ। ਤੁਸੀਂ ਸਹਾਇਤਾ ਲਈ ਦੂਸਰੇ ਪਰਿਵਾਰਕ ਮੈਂਬਰਾਂ ਦੇ ਵਧੇਰੇ ਨਜ਼ਦੀਕ ਹੋਣ ਜਾਂ ਨੌਕਰੀ ਦੇ ਕਿਸੇ ਮੌਕੇ ਲਈ ਹੋਰ ਜਗ੍ਹਾ ਜਾਣਾ ਚਾਹ ਸਕਦੇ ਹੋ। ਅਜਿਹੀ ਬਦਲੀ ਤੁਹਾਡੇ ਬੱਚੇ ਦੇ ਦੂਜੇ ਮਾਤਾ/ਪਿਤਾ ਲਈ ਆਪਣੇ ਬੱਚਿਆਂ ਨੂੰ ਬਾਕਾਇਦਗੀ ਨਾਲ ਮਿਲਣਾ ਮੁਸ਼ਕਲ ਬਣਾ ਸਕਦੀ ਹੈ। ਬਦਲੀ ਦੀ ਦੂਰੀ ‘ਤੇ ਨਿਰਭਰ ਕਰਦੇ ਹੋਏ ਖਰਚਾ ਵੀ ਇੱਕ ਮੁੱਦਾ ਬਣ ਸਕਦਾ ਹੈ।

ਬੱਚਿਆਂ ਦੇ ਸਬੰਧ ਵਿੱਚ ਲਏ ਜਾਣ ਵਾਲੇ ਸਾਰੇ ਫੈਸਲਿਆਂ ਦੀ ਤਰ੍ਹਾਂ ਅਦਾਲਤ ਬਦਲੀ ਦੀ ਇਜਾਜ਼ਤ ਦੇਣ ਜਾਂ ਨਾ ਦੇਣ ਦਾ ਫੈਸਲਾ ਵੀ ਉਸੇ ਅਧਾਰ ‘ਤੇ ਕਰੇਗੀ ਕਿ **ਬੱਚਿਆਂ ਦੇ ਹਿਤ ਵਿੱਚ ਕੀ ਸਹੀ ਰਹੇਗਾ।** ਜੇ ਤੁਹਾਨੂੰ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਜਾਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਤਾਂ ਅਦਾਲਤ ਮੁਲਾਕਾਤ ਦੇ ਹੱਕ ਦੀਆਂ ਸ਼ਰਤਾਂ ਬਦਲ ਸਕਦੀ ਹੈ ਤਾਂ ਜੋ ਮੁਲਾਕਾਤ ਕਰਨ ਵਾਲੇ ਮਾਤਾ/ਪਿਤਾ ਨੂੰ ਲੰਬੀਆਂ ਮੁਲਾਕਾਤਾਂ ਕਰਨ ਦਿੱਤੀਆਂ ਜਾਣ, ਜਾਂ ਫਿਰ ਇਹ ਬਾਲ ਸਹਾਇਤਾ ਦੇ ਰੂਪ ਵਿੱਚ ਤੁਹਾਨੂੰ ਮਿਲਣ ਵਾਲੀ ਧਨਰਾਸ਼ੀ ਘਟਾ ਸਕਦੀ ਹੈ ਕਿਉਂਕਿ ਦੂਸਰੇ ਮਾਤਾ/ਪਿਤਾ ਨੂੰ ਮੁਲਾਕਾਤ ਕਰਨ ਲਈ ਸਫਰ ‘ਤੇ ਮਹਿੰਗੇ ਖਰਚੇ ਕਰਨੇ ਪੈ ਰਹੇ ਹਨ।

## ਬੱਚਿਆਂ ਨਾਲ ਸਫਰ ਕਰਨਾ

ਜ਼ਿਆਦਾ ਮਾਮਲਿਆ ਵਿੱਚ, ਇੱਕ ਮਾਤਾ/ਪਿਤਾ, ਦੂਸਰੇ ਮਾਤਾ/ਪਿਤਾ ਦੀ ਆਗਿਆ ਤੋਂ ਬਿਨਾਂ ਬੱਚੇ ਨੂੰ ਕੈਨੇਡਾ ਤੋਂ ਬਾਹਰ ਨਹੀਂ ਲਿਜਾ ਸਕਦਾ। ਜੇ ਤੁਸੀਂ ਆਪਣੇ ਬੱਚਿਆਂ ਨਾਲ ਸਫਰ ਕਰਦੇ ਹੋ, ਤਾਂ ਤੁਹਾਡੇ ਕੋਲ ਹਵਾਲਗੀ ਹੁਕਮ ਅਤੇ ਦੂਸਰੇ ਮਾਤਾ/ਪਿਤਾ ਵਲੋਂ ਬੱਚਿਆਂ ਨੂੰ ਕੈਨੇਡਾ ਤੋਂ ਬਾਹਰ ਲਿਜਾਣ ਦੀ ਆਗਿਆ ਦੇਣ ਵਾਲਾ ਇੱਕ ਪੱਤਰ ਹੋਣਾ ਚਾਹੀਦਾ ਹੈ। ਪੱਤਰ ਕਿਸੇ ਵਕੀਲ ਦੁਆਰਾ ਤਸਦੀਕ ਕੀਤਾ ਹੋਣਾ ਚਾਹੀਦਾ ਹੈ। ਸਰਹੱਦ ਪਾਰ ਕਰਨ ਵੇਲ਼ੇ ਤੁਹਾਨੂੰ ਸਰਹੱਦੀ ਅਫਸਰਾਂ ਕੋਲ ਇਹ ਸਾਬਤ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ ਕਿ ਬੱਚਿਆਂ ਦੇ ਦੂਜੇ ਮਾਤਾ/ਪਿਤਾ ਨੂੰ ਸਫਰ ਬਾਰੇ ਪਤਾ ਹੈ ਅਤੇ ਉਸ ਨੇ ਉਨ੍ਹਾਂ ਦੇ ਦੇਸ਼ ਤੋਂ ਬਾਹਰ ਜਾਣ ‘ਤੇ ਆਪਣੀ ਸਹਿਮਤੀ ਦਿੱਤੀ ਹੈ।

## ਬੱਚੇ ਨੂੰ ਅਗਵਾ ਕਰਨਾ

ਕਈ ਵਾਰੀ, ਇੱਕ ਮਾਤਾ/ਪਿਤਾ, ਦੂਸਰੇ ਮਾਤਾ/ਪਿਤਾ ਦੀ ਆਗਿਆ ਤੋਂ ਬਿਨਾਂ ਬੱਚਿਆ ਨੂੰ ਕੈਨੇਡਾ ਤੋਂ ਬਾਹਰ ਲੈ ਜਾਂਦਾ ਹੈ। ਇਹ ਬਹੁਤ ਗੰਭੀਰ ਗੱਲ ਹੈ ਕਿਉਂਕਿ ਇੱਕ ਵਾਰੀ ਕੈਨੇਡਾ ਤੋਂ ਬਾਹਰ ਚਲੇ ਜਾਣ ‘ਤੇ ਬੱਚਿਆਂ ਨੂੰ ਵਾਪਸ ਬੁਲਾਉਣਾ ਮੁਸ਼ਕਲ ਹੋ ਸਕਦਾ ਹੈ। ਇਸ ਨੂੰ **ਬੱਚੇ ਨੂੰ ਅਗਵਾ ਕਰਨਾ** ਕਿਹਾ ਜਾਂਦਾ ਹੈ। ਬੱਚੇ ਨੂੰ ਅਗਵਾ ਕਰਨਾ ਕੈਨੇਡਾ ਵਿੱਚ ਇੱਕ ਗੰਭੀਰ ਅਪਰਾਧ ਹੈ।

ਇਸ ਗੱਲ ਨੂੰ ਪੂਰੀ ਤਰ੍ਹਾਂ ਨਾਲ ਯਕੀਨੀ ਬਣਾਉਣ ਦਾ ਕੋਈ ਢੰਗ ਨਹੀਂ ਹੈ ਕਿ ਤੁਹਾਡੇ ਬੱਚੇ ਕਦੇ ਵੀ ਗੈਰਕਾਨੂੰਨੀ ਢੰਗ ਨਾਲ ਕੈਨੇਡਾ ਤੋਂ ਬਾਹਰ ਨਾ ਜਾਣ, ਪਰੰਤੂ ਕੁਝ ਕੰਮ ਹਨ ਜੋ ਤੁਸੀਂ ਆਪਣੇ ਬੱਚੇ ਦੀ ਸੁਰੱਖਿਆ ਵਿੱਚ ਮਦਦ ਕਰਨ ਲਈ ਕਰ ਸਕਦੇ ਹੋ। ਯਕੀਨੀ ਬਣਾਓ ਕਿ ਹਵਾਲਗੀ ਦਾ ਹੁਕਮ ਜਾਂ ਸਮਝੌਤਾ:

- ਜਿੰਨਾ ਜ਼ਿਆਦਾ ਹੋ ਸਕੇ, ਸਪਸ਼ਟ ਅਤੇ ਵਿਸਥਾਰ ਵਿੱਚ ਹੋਵੇ
- ਇਸ ਵਿੱਚ ਵਿਸ਼ੇਸ਼ ਤੌਰ ‘ਤੇ ਕਿਹਾ ਗਿਆ ਹੋਵੇ ਕਿ ਬੱਚੇ ਕੈਨੇਡਾ ਤੋਂ ਬਾਹਰ ਦਾ ਸਫਰ ਨਹੀਂ ਕਰ ਸਕਦੇ

ਹੁਕਮ ਵਿੱਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਤੁਹਾਨੂੰ ਜਾਂ ਅਦਾਲਤ ਨੂੰ ਬੱਚਿਆਂ ਦੇ, ਜਾਂ ਮੁਲਾਕਾਤ ਦਾ ਹੱਕ ਰੱਖਣ ਵਾਲੇ ਮਾਤਾ/ਪਿਤਾ ਦੇ ਪਾਸਪੋਰਟ ਆਪਣੇ ਕੋਲ ਰੱਖਣੇ ਪੈਣਗੇ।

ਮੁੱਖ ਕਾਨੂੰਨ ਜੋ ਤੁਹਾਨੂੰ ਤੁਹਾਡੇ ਬੱਚੇ ਵਾਪਸ ਲੈਣ ਵਿੱਚ ਮਦਦ ਦੇ ਸਕਦਾ ਹੈ, ਉਸ ਦਾ ਨਾਮ ਹੇਗ ਕਨਵੈਂਸ਼ਨ ਆਨ ਦਿ ਸਿਵਿਲ ਐਸਪੈਕਟਸ ਆਫ਼ ਇੰਟਰਨੈਸ਼ਨਲ ਚਾਇਲਡ ਐਬਡਕਸ਼ਨ *(Hague Convention on the Civil Aspects of International Child Abduction)* ਹੈ। ਇਹ 75 ਦੇਸ਼ਾਂ ਦੁਆਰਾ ਦਸਤਖਤ ਕੀਤੀ ਗਈ ਇਕ ਅੰਤਰਰਾਸ਼ਟਰੀ ਸੰਧੀ ਹੈ। ਸੰਧੀ ‘ਤੇ ਦਸਤਖਤ ਕਰਨ ਵਾਲੇ ਦੇਸ਼ ਇਸ ਗੱਲ ‘ਤੇ ਸਹਿਮਤ ਹਨ ਕਿ ਉਹ ਉਨ੍ਹਾਂ ਬੱਚਿਆਂ ਨੂੰ ਲੱਭਣ ਅਤੇ ਵਾਪਸ ਕਰਨ ਲਈ ਇੱਕ ਦੂਸਰੇ ਨਾਲ ਰਲ਼ ਕੇ ਕੰਮ ਕਰਨਗੇ ਜਿਨ੍ਹਾਂ ਨੂੰ ਗੈਰਕਾਨੂੰਨੀ ਤੌਰ ‘ਤੇ ਇੱਕ ਦੇਸ਼ ਤੋਂ ਦੂਸਰੇ ਦੇਸ਼ ਵਿੱਚ ਲਿਜਾਇਆ ਗਿਆ ਹੋਵੇ।

ਜੇ ਤੁਹਾਡੇ ਬੱਚੇ ਨੂੰ ਕਿਸੇ ਅਜਿਹੇ ਦੇਸ਼ ਵਿੱਚ ਲਿਜਾਇਆ ਜਾਂਦਾ ਹੈ ਜਿਸ ਨੇ ਸੰਧੀ ‘ਤੇ ਦਸਤਖਤ ਨਹੀਂ ਕੀਤੇ ਤਾਂ ਤੁਹਾਡੇ ਬੱਚੇ ਨੂੰ ਕੈਨੇਡਾ ਵਾਪਸ ਲਿਆਉਣਾ ਬਹੁਤ ਜ਼ਿਆਦਾ ਮੁਸ਼ਕਲ ਹੋਵੇਗਾ। ਜੇ ਅਜਿਹਾ ਹੁੰਦਾ ਹੈ ਤਾਂ ਤੁਸੀਂ ਉਸ ਦੇਸ਼ ਦੇ ਕਾਨੂੰਨ ਦਾ ਇਸਤੇਮਾਲ ਕਰਦੇ ਹੋਏ ਹਵਾਲਗੀ ਲਈ ਲੜ ਸਕਦੇ ਹੋ ਜਿੱਥੇ ਤੁਹਾਡੇ ਬੱਚੇ ਨੂੰ ਲਿਜਾਇਆ ਗਿਆ ਹੈ। ਤੁਸੀਂ ਅਗਵਾ ਕਰਨ ਵਾਲੇ ਅਤੇ ਉਸ ਦੇ ਪਰਿਵਾਰ ਨਾਲ ਸੌਦੇਬਾਜ਼ੀ ਦੀ ਕੋਸ਼ਿਸ਼ ਵੀ ਕਰ ਸਦਕੇ ਹੋ।

ਅੰਤਰਰਾਸ਼ਟਰੀ ਅਗਵਾ ਤੋਂ ਬਚਣ ਬਾਰੇ ਵਧੇਰੇ ਜਾਣਕਾਰੀ ਲਈ *ਇੰਟਰਨੈਸ਼ਨਲ ਚਾਇਲਡ ਐਬਡਕਸ਼ਕਨਜ਼ ਏ ਮੈਨੂਅਲ ਫ਼ਾਰ ਪੇਰੈਂਟਸ (International Child Abductions: A Manual for Parents)* ਪੜ੍ਹੋ। ਇਹ ਪੁਸਤਿਕਾ ਫਾਰੇਨ ਅਫੇਅਰਜ਼ ਕੈਨੇਡਾ ਦੁਆਰਾ ਛਾਪੀ ਗਈ ਸੀ। ਇਸ ਵਿੱਚ ਇਹ ਦੱਸਿਆ ਗਿਆ ਹੈ ਕਿ ਜੇ ਤੁਹਾਡੇ ਬੱਚੇ ਨੂੰ ਤੁਹਾਡੀ ਆਗਿਆ ਤੋਂ ਬਿਨਾਂ ਕੈਨੇਡਾ ਤੋਂ ਬਾਹਰ ਲਿਜਾਇਆ ਜਾਂਦਾ ਹੈ ਤਾਂ ਕੀ ਕਰਨਾ ਚਾਹੀਦਾ ਹੈ। ਤੁਸੀਂ ਫਾਰੇਨ ਅਫੇਅਰਜ਼ ਕੈਨੇਡਾ ਤੋਂ ਇੱਕ ਕਾਪੀ ਭੇਜਣ ਦੀ ਫਰਮਾਇਸ਼ ਕਰ ਸਕਦੇ ਹੋ ਜਾਂ ਮੈਨੂਅਲ ਨੂੰ http://www.voyage.gc.ca/ ‘ਤੇ ਆਨਲਾਈਨ ਪੜ੍ਹ ਸਕਦੇ ਹੋ। “Children and Travel” ਅਤੇ ਫਿਰ “Custody and Abduction” ‘ਤੇ ਕਲਿੱਕ ਕਰੋ।

## ਜੇ ਤੁਹਾਡੇ ਬੱਚੇ ਨੂੰ ਕੈਨੇਡਾ ਤੋਂ ਬਾਹਰ ਲਿਜਾਇਆ ਗਿਆ ਹੈ ਤਾਂ ਕੀ ਕਰਨਾ ਚਾਹੀਦਾ ਹੈ?

ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਬੱਚੇ ਨੂੰ ਦੇਸ਼ ਤੋਂ ਬਾਹਰ ਲਿਜਾਇਆ ਗਿਆ ਹੈ ਤਾਂ ਤੁਹਾਨੂੰ ਇਹ ਸਭ ਕਰਨਾ ਚਾਹੀਦਾ ਹੈ:

- ਤੁਰੰਤ **ਪੁਲਿਸ ਨੂੰ ਫੋਨ ਕਰੋ।** ਪੁਲਿਸ ਉਸ ਦੇਸ਼ ਵਿਚਲੇ ਸਰਹੱਦੀ ਅਫਸਰਾਂ ਨੂੰ ਚੌਕਸੀ ਸੰਦੇਸ਼ ਭੇਜੇਗੀ ਜਿੱਥੇ ਦੂਸਰਾ ਮਾਤਾ/ਪਿਤਾ ਤੁਹਾਡੇ ਬੱਚੇ ਨੂੰ ਲਿਜਾ ਸਕਦਾ ਹੈ।
- **ਕੌਂਸਲਰ ਅਫੇਅਰਜ਼ ਬਿਊਰੋ** ਨੂੰ ਤੁਰੰਤ 1-800-387-3124 ਜਾਂ 1-800-267-6788 'ਤੇ ਫੋਨ ਕਰੋ। ਉਨ੍ਹਾਂ ਦਾ ਦਫਤਰ ਹਫਤੇ ਦੇ ਸੱਤ ਦਿਨ, ਹਰ ਦਿਨ 24 ਘੰਟੇ ਖੁੱਲ੍ਹਾ ਰਹਿੰਦਾ ਹੈ।

*ਜੇ ਤੁਸੀਂ ਓਨਟੇਰੀਓ ਵਿੱਚ ਰਹਿੰਦੀ ਫਰਾਂਸੀਸੀ ਬੋਲੀ ਬੋਲਣ ਵਾਲੀ ਕੋਈ ਔਰਤ ਹੋ ਤਾਂ ਤੁਹਾਨੂੰ ਪਹਿਲਾਂ ਪਰਿਵਾਰਕ ਕਾਨੂੰਨ ਦੀ ਅਦਾਲਤ ਦੀਆਂ ਕਾਰਵਾਈਆਂ ਵਿੱਚ ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਦਾ ਹੱਕ ਹੈ।ਆਪਣੇ ਹੱਕਾਂ ਬਾਰੇ ਵਧੇਰੇ ਜਾਣਕਾਰੀ ਲਈ ਕਿਸੇ ਵਕੀਲ, ਕਮਿਊਨਿਟੀ ਕਾਨੂੰਨ ਕਲੀਨਿਕ, ਜਾਂ ਹਿਮਾਇਤ ਦੇਣ ਵਾਲੀ ਲਾਈਨ ਫੈਮਏਡ (Femaide) ਨਾਲ਼ 1-877-336-2433, ਟੀ.ਟੀ.ਵਾਈ. 1-866-860-7082 'ਤੇ ਸੰਪਰਕ ਕਰੋ। ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਸਬੰਧੀ ਵਧੇਰੇ ਜਾਣਕਾਰੀ ਤੁਹਾਨੂੰ ਸਾਡੀ ਵੈੱਬਸਾਈਟ www.onefamilylaw.ca ਜਾਂ www.undroitdefamille.ca 'ਤੇ ਮਿਲ ਸਕਦੀ ਹੈ।*

## ਪਰਿਵਾਰਕ ਕਾਨੂੰਨ ਦੇ ਉਪਲਬਧ ਵਿਸ਼ੇ:*

1. ਝਗੜਿਆਂ ਦਾ ਬਦਲਵਾਂ ਹੱਲ ਅਤੇ ਪਰਿਵਾਰਕ ਕਾਨੂੰਨ (PJB 001)
2. ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ (PJB 002)
3. ਬਾਲ ਸਹਾਇਤਾ (PJB 003)
4. ਫੌਜਦਾਰੀ ਅਤੇ ਪਰਿਵਾਰਕ ਕਾਨੂੰਨ (PJB 004)
5. **ਹਵਾਲਗੀ ਅਤੇ ਮੁਲਾਕਾਤ ਦਾ ਹੱਕ (PJB 005)**
6. ਘਰੇਲੂ ਇਕਰਾਰਨਾਮੇ (PJB 006)
7. ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਸਾਲਸੀ (PJB 007)
8. ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ (PJB 008)
9. ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ (PJB 009)
10. ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ (PJB 010)
11. ਵਿਆਹ ਅਤੇ ਤਲਾਕ (PJB 011)
12. ਪਤੀ/ਪਤਨੀ ਲਈ ਸਹਾਇਤਾ (PJB 012)

** ਇਹ ਪਰਚਾ ਅਨੇਕਾਂ ਅਲੱਗ-ਅਲੱਗ ਫਰਮਿਆਂ ਅਤੇ ਬੋਲੀਆਂ ਵਿੱਚ ਉਪਲਬਧ ਹੈ। ਵਧੇਰੇ ਜਾਣਕਾਰੀ ਲਈ ਮਿਹਰਬਾਨੀ ਕਰਕੇ www.onefamilylaw.ca ਵੇਖੋ ਜੀ। ਪਰਿਵਾਰਕ ਕਾਨੂੰਨ ਦੇ ਆਪਣੇ ਹੱਕਾਂ ਨੂੰ ਸਮਝਣ ਵਿੱਚ ਮਦਦ ਲਈ ਤੁਹਾਨੂੰ ਵਧੀਕ ਜਾਣਕਾਰੀ ਸਾਡੀ ਵੈੱਬਸਾਈਟ ਤੋਂ ਵੀ ਮਿਲ ਸਕਦੀ ਹੈ।*

flew Family Law Education for Women
Women's Right to Know
fodf Femmes ontariennes et droit de la famille
Le droit de savoir

Funded by: / Financé par :
Ontario

ਇਨ੍ਹਾਂ ਸਮੱਗਰੀਆਂ ਵਿੱਚ ਜ਼ਾਹਰ ਕੀਤੇ ਵਿਚਾਰ ਐੱਫ.ਐੱਲ.ਈ.ਡਬਲਿਊ.
ਦੇ ਹਨ ਅਤੇ ਜ਼ਰੂਰੀ ਨਹੀਂ ਕਿ ਉਹ ਸੂਬਾਈ ਸਰਕਾਰ ਦੇ ਵਿਚਾਰਾਂ ਦੀ ਤਰਜਮਾਨੀ ਕਰਨ।